# ਪੰਜਾਬ ਸਕੂਲ ਸਿੱਖਿਆ ਬੋਰਡ
## ਪ੍ਰੈਸ ਨੋਟ

ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਮਾਰਚ-2018 ਰੈਗੂਲਰ ਅਤੇ ਓਪਨ ਸਕੂਲ ਦੇ ਪ੍ਰੀਖਿਆ ਫਾਰਮ ਅਤੇ ਪ੍ਰੀਖਿਆ ਫੀਸਾਂ ਪ੍ਰਾਪਤ ਕਰਨ ਸਬੰਧੀ ਸ਼ਡਿਊਲ ਪ੍ਰਬੰਧਕੀ ਕਾਰਨਾ ਕਰਕੇ ਹੇਠ ਲਿਖੇ ਅਨੁਸਾਰ ਮੁੜ ਨਿਸ਼ਚਿਤ ਕੀਤਾ ਜਾਂਦਾ ਹੈ:-

| | | | | |
|---|---|---|---|---|
| **(ੳ) ਮੈਟ੍ਰਿਕ ਲਈ ਪਰੀਖਿਆ ਫੀਸ:-**<br>1. ਸਰਕਾਰੀ ਅਤੇ ਏਡਿਡ ਸਕੂਲਾਂ ਲਈ 750/- ਰੁ:+300/-ਰੁ: ਪ੍ਰਯੋਗੀ ਵਿਸ਼ਿਆ ਦੀ ਫੀਸ<br>2. ਐਫੀਲਿਏਟਿਡ / ਐਸੋਸੀਏਟ ਸਕੂਲਾਂ ਲਈ 1050/- ਰੁ: (ਸਮੇਤ ਪ੍ਰਯੋਗੀ ਵਿਸ਼ਿਆ ਦੀ ਫੀਸ)<br>3. ਵਾਧੂ ਵਿਸ਼ੇ ਦੀ ਫੀਸ 350/- ਰੁ: ਪ੍ਰਤੀ ਵਿਸ਼ਾ<br>**(ਅ) ਬਾਰ੍ਹਵੀਂ ਲਈ ਪਰੀਖਿਆ ਫੀਸ:-**<br>1. ਪਰੀਖਿਆ ਫ਼ੀਸ ਸਾਰੇ ਗਰੁੱਪਾਂ ਲਈ 1150/ਰੁ: + 100/ਰੁ: ਪ੍ਰਤੀ ਪ੍ਰਯੋਗੀ ਵਿਸ਼ਾ<br>2. ਵਾਧੂ ਵਿਸ਼ੇ ਦੀ ਫੀਸ 350/- ਰੁ: ਪ੍ਰਤੀ ਵਿਸ਼ਾ | ਬਿਨਾਂ ਲੇਟ ਫ਼ੀਸ | 500/-ਰੁ: ਲੇਟ ਫ਼ੀਸ (ਪ੍ਰਤੀ ਪਰੀਖਿਆਰਥੀ) | 1000/-ਰੁ: ਲੇਟ ਫ਼ੀਸ (ਪ੍ਰਤੀ ਪਰੀਖਿਆਰਥੀ) | 2000/-ਰੁ: ਲੇਟ ਫੀਸ (ਪ੍ਰਤੀ ਪਰੀਖਿਆਰਥੀ) |
| ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ | 03-11-17 | 24-11-17 | 15-12-17 | 03-01-18 |
| ਬੈਂਕ ਵਿੱਚ ਫੀਸ/ਚਲਾਨ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ | 09-11-17 | 30-11-17 | 20-12-17 | 10-01-18 |
| ਪਰੀਖਿਆ ਫਾਰਮ ਜਿਲ੍ਹਾਂ ਖੇਤਰੀ ਦਫਤਰ/ਮੁੱਖ ਦਫਤਰ ਵਿਖੇ ਜਮਾਂ ਕਰਵਾਉਣ ਦੀ ਆਖਰੀ ਮਿਤੀ | 22-11-17 ਖੇਤਰੀ ਦਫਤਰ/ ਮੁੱਖ ਦਫਤਰ | 15-12-17 ਖੇਤਰੀ ਦਫਤਰ/ ਮੁੱਖ ਦਫਤਰ | 29-12-17 ਕੇਵਲ ਮੁੱਖ ਦਫਤਰ | 17-01-18 ਕੇਵਲ ਮੁੱਖ ਦਫਤਰ |

ਨੋਟ:-

1 ਪ੍ਰੀਖਿਆ ਫੀਸਾਂ ਪੰਜਾਬ ਨੈਸ਼ਨਲ ਬੈਂਕ ਅਤੇ ਸਟੇਟ ਬੈਂਕ ਆਫ ਇੰਡਿਆ ਵਿਖੇ ਚਾਲਾਨ ਰਾਹੀਂ ਜਮ੍ਹਾਂ ਕਰਵਾਈਆਂ ਜਾਣਗੀਆ।

2. ਚਾਲਾਨ ਉੱਪਰ ਦਰਜ Challan Valid Date ਹੀ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਹੋਵੇਗੀ। ਇਸ ਮਿਤੀ ਤੱਕ ਹੀ ਹਰ ਹਾਲਤ ਵਿੱਚ ਫੀਸ ਜਮ੍ਹਾਂ ਕਰਵਾਉਣੀ ਲਾਜਮੀ ਹੋਵੇਗੀ।

3. ਸ਼ਡਿਊਲ ਦੀਆਂ ਮਿਤੀਆਂ ਵਿੱਚ ਕਿਸੇ ਵੀ ਸਟੇਜ ਤੇ ਵਾਧਾ ਨਹੀਂ ਕੀਤਾ ਜਾਵੇਗਾ।

4. ਪ੍ਰੀਖਿਆ ਫੀਸ ਜਮ੍ਹਾਂ ਕਰਵਾਉਣ ਸਬੰਧੀ ਹਦਾਇਤਾਂ ਸਬੰਧਤ ਸਕੂਲ ਦੀ ਲਾਗ-ਇੰਨ ਆਈ.ਡੀ ਵਿੱਚ ਉਪਲਬਧ ਹਨ।

5. ਪਰੀਖਿਆਰਥੀਆਂ ਦੇ ਵੇਰਵਿਆ ਵਿੱਚ ਜੇਕਰ ਕੋਈ ਵੀ ਸੋਧ ਹੋਵੇ ਤਾਂ ਮਿਤੀ 30-11-2017 ਤੋਂ 31-12-2017 ਤੱਕ 200/- ਰੁ: ਪ੍ਰਤੀ ਸੋਧ ਫੀਸ ਦੇ ਨਾਲ ਸਕੂਲ ਲਾਗਇੰਨ ਆਈ.ਡੀ. ਵਿੱਚ ਉਪਲਬਧ ਸ਼੍ਰੇਣੀ ਵਾਈਜ਼ ਦਿੱਤਾ ਸੋਧ ਪ੍ਰੋਫਾਰਮਾ ਪ੍ਰਿੰਟ ਕਰਕੇ ਸੋਧਾਂ ਦਰਜ ਕਰਨ ਉਪਰੰਤ ਮੁੱਖ ਦਫਤਰ ਵਿਖੇ ਸਬੰਧਤ ਪ੍ਰੀਖਿਆ ਸ਼ਾਖਾ ਦੇ ਸੈੱਟ ਵਿੱਚ ਜਮ੍ਹਾਂ ਕਰਵਾਇਆ ਜਾਵੇ। ਸੋਧ ਫੀਸ ਮੁੱਖ ਦਫਤਰ ਵਿੱਚ ਹੀ ਜਮ੍ਹਾਂ ਕਰਵਾਈ ਜਾਵੇ।

ਸਕੱਤਰ